# ਸਰਵਾਈਕਲ ਸਕ੍ਰੀਨਿੰਗ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ।

## ਸਰਵਾਈਕਲ ਸਕ੍ਰੀਨਿੰਗ ਕੀ ਹੈ?

ਸਰਵਾਈਕਲ ਸਕ੍ਰੀਨਿੰਗ ਇੱਕ ਟੈਸਟ ਹੈ, ਜੋ ਉਨ੍ਹਾਂ ਲੋਕਾਂ 'ਤੇ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸਰਵਾਈਕਲ ਕੈਂਸਰ ਹੋਣ ਦਾ ਖਤਰਾ ਹੈ, ਪਰ ਉਨ੍ਹਾਂ ਦੇ ਕੋਈ ਲੱਛਣ ਨਹੀਂ ਹਨ ਅਤੇ ਆਮ ਤੌਰ 'ਤੇ ਠੀਕ ਮਹਿਸੂਸ ਕਰਦੇ ਹਨ। ਓਨਟਾਰੀਓ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ (Ontario Cervical Screening Program) ਇੱਕ ਸਕ੍ਰੀਨਿੰਗ ਪ੍ਰੋਗਰਾਮ ਹੈ ਜੋ ਇਹਨਾਂ ਲੋਕਾਂ ਨੂੰ ਨਿਯਮਿਤ ਤੌਰ 'ਤੇ ਜਾਂਚ ਕਰਵਾਉਣ ਲਈ ਉਤਸ਼ਾਹਿਤ ਕਰਦਾ ਹੈ। ਨਿਯਮਤ ਸਰਵਾਈਕਲ ਸਕ੍ਰੀਨਿੰਗ ਤੁਹਾਨੂੰ ਸਰਵਾਈਕਲ ਕੈਂਸਰ ਹੋਣ ਤੋਂ ਬਚਣ ਵਿੱਚ ਮਦਦ ਕਰ ਸਕਦੀ ਹੈ।

ਸਰਵਾਈਕਲ ਕੈਂਸਰ ਬੱਚੇਦਾਨੀ (ਗਰਭ) ਦਾ ਕੈਂਸਰ ਹੁੰਦਾ ਹੈ। ਬੱਚੇਦਾਨੀ ਦਾ ਮੂੰਹ ਸਰੀਰ ਦਾ ਇੱਕ ਅੰਗ ਹੈ ਜੋ ਬੱਚੇਦਾਨੀ (ਕੁੱਖ) ਨੂੰ ਯੋਨੀ (ਜਨਨ ਅੰਗ ਦੀ ਓਪਨਿੰਗ) ਨਾਲ ਜੋੜਦਾ ਹੈ। ਸਰਵਾਈਕਲ ਕੈਂਸਰ ਲਗਭਗ ਹਮੇਸ਼ਾ ਹਿਊਮਨ ਪੈਪੀਲੋਮਾ ਵਾਇਰਸ (Human Papilloma Virus, HPV) ਕਾਰਨ ਹੁੰਦਾ ਹੈ। ਜੇਕਰ ਤੁਹਾਡੇ ਪਰਿਵਾਰ ਦੇ ਹੋਰ ਲੋਕਾਂ ਨੂੰ ਸਰਵਾਈਕਲ ਕੈਂਸਰ ਹੋਇਆ ਹੈ ਤਾਂ ਤੁਹਾਨੂੰ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ **ਨਹੀਂ** ਹੈ।

### ਹਿਊਮਨ ਪੈਪੀਲੋਮਾ ਵਾਇਰਸ (Human Papilloma Virus, HPV) ਕੀ ਹੈ?

HPV ਇੱਕ ਵਾਇਰਸ ਹੈ ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਜਿਨਸੀ ਸੰਪਰਕ ਰਾਹੀਂ ਫੈਲਦਾ ਹੈ। ਜਿਨਸੀ ਸੰਪਰਕ ਵਿੱਚ ਬਹੁਤ ਸਾਰੀਆਂ ਵੱਖਰੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ। ਇਸ ਤੱਥ-ਪੱਤਰ ਵਿੱਚ, ਇਸ ਵਿੱਚ ਕਿਸੇ ਵੀ ਸਮੇਂ ਕਿਸੇ ਹੋਰ ਵਿਅਕਤੀ ਦਾ ਤੁਹਾਡੇ ਜਣਨ ਅੰਗਾਂ (ਨਿੱਜੀ ਅੰਗਾਂ) ਨਾਲ ਸੰਪਰਕ ਸ਼ਾਮਲ ਹੁੰਦਾ ਹੈ। ਇਹ ਸੰਪਰਕ ਹੱਥਾਂ, ਮੂੰਹ ਜਾਂ ਜਣਨ ਅੰਗਾਂ ਨਾਲ ਹੋ ਸਕਦਾ ਹੈ।

HPV ਆਮ ਹੈ ਅਤੇ ਅਕਸਰ ਬਿਨਾਂ ਕੋਈ ਨੁਕਸਾਨ ਕੀਤੇ ਆਪਣੇ ਆਪ ਦੂਰ ਹੋ ਜਾਵੇਗਾ।

HPV ਦੇ 100 ਤੋਂ ਵੱਧ ਪ੍ਰਕਾਰ ਹਨ ਅਤੇ ਉਹ ਬੱਚੇਦਾਨੀ ਦੇ ਸੈੱਲਾਂ ਵਿੱਚ ਤਬਦੀਲੀਆਂ ਦਾ ਕਾਰਨ ਬਣ ਸਕਦੇ ਹਨ। HPV ਦੀਆਂ ਕੁਝ ਕਿਸਮਾਂ ਦੇ ਨਾਲ, ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਸੈੱਲ ਤਬਦੀਲੀਆਂ ਸਮੇਂ ਦੇ ਨਾਲ ਸਰਵਾਈਕਲ ਕੈਂਸਰ ਵਿੱਚ ਬਦਲ ਸਕਦੀਆਂ ਹਨ।

### ਸਰਵਾਈਕਲ ਸਕ੍ਰੀਨਿੰਗ ਟੈਸਟ ਕੀ ਹੈ?

ਸਰਵਾਈਕਲ ਸਕ੍ਰੀਨਿੰਗ ਟੈਸਟ HPV ਦੀਆਂ ਕਿਸਮਾਂ ਦੀ ਜਾਂਚ ਕਰਦਾ ਹੈ ਜੋ ਕਈ ਵਾਰ ਸਰਵਾਈਕਲ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ। ਇਹ HPV ਦੀਆਂ ਇਨ੍ਹਾਂ ਕਿਸਮਾਂ ਕਾਰਨ ਹੋਈਆਂ ਬੱਚੇਦਾਨੀ ਵਿੱਚ ਸੈੱਲਾਂ ਦੀਆਂ ਤਬਦੀਲੀਆਂ ਦੀ ਵੀ ਜਾਂਚ ਕਰਦਾ ਹੈ। ਟੈਸਟ HPV ਦੀਆਂ ਹੋਰ ਕਿਸਮਾਂ ਦੀ ਜਾਂਚ ਨਹੀਂ ਕਰਦਾ।

ਸਰਵਾਈਕਲ ਸਕ੍ਰੀਨਿੰਗ ਟੈਸਟ ਨੇ ਪੈਪ ਟੈਸਟ ਦੀ ਥਾਂ ਲੈ ਲਈ ਹੈ ਕਿਉਂਕਿ ਇਹ ਸਰਵਾਈਕਲ ਕੈਂਸਰ ਨੂੰ ਰੋਕਣ ਵਿੱਚ ਬਿਹਤਰ ਹੈ।

### ਕਿਸ ਨੂੰ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ ਅਤੇ ਕਿੰਨੀ ਵਾਰ?

ਓਨਟਾਰੀਓ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ (Ontario Cervical Screening Program) ਸਿਫ਼ਾਰਸ਼ ਕਰਦਾ ਹੈ ਕਿ ਜ਼ਿਆਦਾਤਰ ਲੋਕ ਜੋ ਸਰਵਾਈਕਲ ਸਕ੍ਰੀਨਿੰਗ ਲਈ ਯੋਗ ਹਨ, ਹਰ **5 ਸਾਲਾਂ** ਵਿੱਚ ਸਕ੍ਰੀਨਿੰਗ ਕਰਵਾਉਂਦੇ ਹਨ।

- ਸਕ੍ਰੀਨਿੰਗ ਕਰਵਾਓ ਜੇਕਰ ਤੁਸੀਂ:
  - ਘੱਟੋ-ਘੱਟ 25 ਸਾਲ ਦੇ ਹੋ, ਅਤੇ
  - ਇੱਕ ਔਰਤ, ਟੂ-ਸਪਿਰਟ ਵਿਅਕਤੀ, ਟ੍ਰਾਂਸਮਾਸਕੁਲਾਈਨ ਵਿਅਕਤੀ ਜਾਂ ਗੈਰ-ਬਾਇਨਰੀ ਵਿਅਕਤੀ ਹੋ ਜਿਸ ਕੋਲ ਬੱਚੇਦਾਨੀ ਹੈ, ਅਤੇ
  - ਕਦੇ ਕਿਸੇ ਹੋਰ ਵਿਅਕਤੀ ਨਾਲ ਜਿਨਸੀ ਸੰਪਰਕ ਕੀਤਾ ਹੈ, ਅਤੇ
  - ਤੁਹਾਨੂੰ ਕੋਈ ਲੱਛਣ ਨਹੀਂ ਹਨ, ਜਿਵੇਂ ਕਿ ਵੱਖਰੇ ਤੌਰ 'ਤੇ ਖ਼ੂਨ ਵਗਣਾ ਜਾਂ ਯੋਨੀ (ਜਣਨ ਅੰਗ) ਤੋਂ ਡਿਸਚਾਰਜ ਹੋਣਾ (ਸਾਫ਼ ਜਾਂ ਪੀਲਾ ਤਰਲ)।
- ਤੁਹਾਨੂੰ ਫਿਰ ਵੀ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ ਜੇਕਰ ਤੁਸੀਂ:
  - HPV ਟੀਕਾ ਲਗਵਾਇਆ ਹੈ
  - ਸਿਹਤਮੰਦ ਮਹਿਸੂਸ ਕਰਦੇ ਹੋ
  - ਮੀਨੋਪੌਜ਼ ਵਿੱਚੋਂ ਲੰਘ ਚੁੱਕੇ ਹੋ
  - ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਵੀ ਸਰਵਾਈਕਲ ਕੈਂਸਰ ਨਹੀਂ ਹੋਇਆ ਹੈ
  - ਸਿਰਫ 1 ਵਿਅਕਤੀ ਨਾਲ ਜਿਨਸੀ ਸੰਪਰਕ ਕੀਤਾ ਹੈ
  - ਲੰਬੇ ਸਮੇਂ ਤੋਂ ਇੱਕੋ ਜਿਨਸੀ ਸਾਥੀ ਰਿਹਾ ਹੈ
  - ਲੰਬੇ ਸਮੇਂ ਤੋਂ ਕੋਈ ਜਿਨਸੀ ਸੰਪਰਕ ਨਹੀਂ ਕੀਤਾ ਹੈ
  - ਸਮਾਨ-ਲਿੰਗ ਦੇ ਸਬੰਧ ਵਿੱਚ ਹੋ

ਜੇਕਰ ਤੁਹਾਡਾ ਇਮਿਊਨ ਸਿਸਟਮ ਕਮਜ਼ੋਰ ਹੈ ਤਾਂ ਤੁਹਾਨੂੰ ਹਰ **3 ਸਾਲ** ਬਾਅਦ ਸਰਵਾਈਕਲ ਸਕ੍ਰੀਨਿੰਗ ਕਰਵਾਉਣ ਦੀ ਲੋੜ ਪੈ ਸਕਦੀ ਹੈ। ਉਦਾਹਰਨ ਲਈ, ਜੇਕਰ ਤੁਸੀਂ HIV/AIDS ਨਾਲ ਰਹਿ ਰਹੇ ਹੋ ਜਾਂ ਤੁਸੀਂ ਅੰਗ ਟ੍ਰਾਂਸਪਲਾਂਟ ਕਰਵਾ ਚੁੱਕੇ ਹੋ।

ਬੱਚੇਦਾਨੀ ਦੇ ਮੂੰਹ ਵਿੱਚ ਸੈੱਲ ਤਬਦੀਲੀਆਂ ਦਾ ਇਲਾਜ ਕਰਵਾਉਣ ਤੋਂ ਬਾਅਦ ਸਰਵਾਈਕਲ ਸਕ੍ਰੀਨਿੰਗ ਦੀ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਇਲਾਜ ਦੇ ਨਤੀਜਿਆਂ ਦੇ ਆਧਾਰ 'ਤੇ, ਤੁਹਾਡਾ ਡਾਕਟਰ, ਨਰਸ ਪ੍ਰੈਕਟੀਸ਼ਨਰ, ਨਰਸ ਜਾਂ ਦਾਈ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਕਿੰਨੀ ਵਾਰ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ।

ਜ਼ਿਆਦਾਤਰ ਲੋਕ 65 ਤੋਂ 69 ਸਾਲ ਦੀ ਉਮਰ ਤੱਕ ਸਰਵਾਈਕਲ ਸਕ੍ਰੀਨਿੰਗ ਕਰਵਾਉਣਾ ਬੰਦ ਕਰ ਸਕਦੇ ਹਨ। ਤੁਹਾਡਾ ਡਾਕਟਰ, ਨਰਸ ਪ੍ਰੈਕਟੀਸ਼ਨਰ, ਨਰਸ ਜਾਂ ਦਾਈ ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਕਿ ਜੇਕਰ ਤੁਹਾਨੂੰ 69 ਸਾਲ ਦੀ ਉਮਰ ਤੋਂ ਬਾਅਦ ਵੀ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ ਜਾਂ ਨਹੀਂ।

## ਸਰਵਾਈਕਲ ਸਕ੍ਰੀਨਿੰਗ ਟੈਸਟ ਦੌਰਾਨ ਕੀ ਹੁੰਦਾ ਹੈ?

ਸਰਵਾਈਕਲ ਸਕ੍ਰੀਨਿੰਗ ਟੈਸਟ ਪੈਪ ਟੈਸਟ ਵਰਗਾ ਹੁੰਦਾ ਹੈ। ਇੱਕ ਡਾਕਟਰ, ਨਰਸ ਪ੍ਰੈਕਟੀਸ਼ਨਰ, ਨਰਸ ਜਾਂ ਦਾਈ ਇੱਕ ਛੋਟੇ, ਨਰਮ ਬੁਰਸ਼ ਦੀ ਵਰਤੋਂ ਕਰਕੇ ਸਰਵਿਕਸ ਤੋਂ ਸੈੱਲ ਲੈਂਦੇ ਹਨ ਤਾਂ ਜੋ ਲੈਬ ਐਚਪੀਵੀ (HPV) ਦੀਆਂ ਕਿਸਮਾਂ ਅਤੇ ਸੈੱਲਾਂ ਵਿੱਚ ਤਬਦੀਲੀਆਂ ਦੀ ਜਾਂਚ ਕਰ ਸਕੇ। ਤੁਹਾਡਾ ਟੈਸਟ ਕਰਨ ਵਾਲਾ ਵਿਅਕਤੀ ਤੁਹਾਡੇ ਲਈ ਟੈਸਟ ਨੂੰ ਜਿੰਨਾ ਸੰਭਵ ਹੋ ਸਕੇ ਆਰਾਮਦਾਇਕ ਬਣਾਉਣ ਦੀ ਕੋਸ਼ਿਸ਼ ਕਰੇਗਾ।

## ਸਰਵਾਈਕਲ ਸਕ੍ਰੀਨਿੰਗ ਟੈਸਟ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਆਪਣੇ ਸਰਵਾਈਕਲ ਸਕ੍ਰੀਨਿੰਗ ਟੈਸਟ ਦਾ ਨਤੀਜਾ ਡਾਕ ਰਾਹੀਂ ਮਿਲੇਗਾ। ਜਿਸ ਵਿਅਕਤੀ ਨੇ ਤੁਹਾਡਾ ਟੈਸਟ ਕੀਤਾ ਹੈ ਉਸਨੂੰ ਵੀ ਤੁਹਾਡੇ ਨਤੀਜੇ ਦੀ ਇੱਕ ਕਾਪੀ ਮਿਲੇਗੀ ਅਤੇ ਉਹ ਤੁਹਾਡੇ ਕੋਈ ਵੀ ਸਵਾਲਾਂ ਦੇ ਜਵਾਬ ਦੇ ਸਕਦਾ/ਸਕਦੀ ਹੈ। ਉਹ ਤੁਹਾਡੇ ਨਾਲ ਅਗਲੇ ਕਦਮਾਂ ਬਾਰੇ ਵੀ ਗੱਲ ਕਰ ਸਕਦੇ ਹਨ।

HPV ਦੀ ਇੱਕ ਕਿਸਮ ਦਾ ਹੋਣਾ ਜੋ ਕਈ ਵਾਰ ਸਰਵਾਈਕਲ ਕੈਂਸਰ ਦਾ ਕਾਰਨ ਬਣ ਸਕਦੀ ਹੈ, ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਸਰਵਾਈਕਲ ਕੈਂਸਰ ਹੈ, ਪਰ ਤੁਹਾਨੂੰ **ਸਰਵਾਈਕਲ ਕੋਲਪੋਸਕੋਪੀ** (*ਕਾਲ-ਪੌਸ-ਕਾ-ਪੀ* ਵਜੋਂ ਉਚਾਰਿਆ ਜਾਂਦਾ ਹੈ) ਨਾਮਕ ਇੱਕ ਜਾਂਚ ਦੀ ਲੋੜ ਹੋ ਸਕਦੀ ਹੈ।

ਸਰਵਾਈਕਲ ਕੋਲਪੋਸਕੋਪੀ ਇੱਕ ਮਾਹਰ ਡਾਕਟਰ, ਜਿਵੇਂ ਕਿ ਗਾਇਨੀਕੋਲੋਜਿਸਟ ਦੁਆਰਾ ਕੀਤੀ ਜਾਂਦੀ ਇੱਕ ਜਾਂਚ ਹੈ। ਕੋਲਪੋਸਕੋਪੀ ਦੌਰਾਨ, ਮਾਹਰ ਸਰਵਾਈਕਲ ਸਕ੍ਰੀਨਿੰਗ ਟੈਸਟ ਦੌਰਾਨ ਨਾਲੋਂ ਸਰਵਿਕਸ ਨੂੰ ਹੋਰ ਧਿਆਨ ਨਾਲ ਜਾਂਚਦਾ ਹੈ ਕਿ ਕੀ ਕੁਝ ਵੀ ਅਸਧਾਰਨ ਨਹੀਂ ਲੱਗਦਾ ਹੈ। ਕੋਲਪੋਸਕੋਪੀ ਕਰਵਾਉਣ ਨਾਲ ਤੁਸੀਂ ਸਰਵਾਈਕਲ ਕੈਂਸਰ ਤੋਂ ਬਚ ਸਕਦੇ ਹੋ।

## ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਨੂੰ ਕਿਹੜੀਆਂ ਚੀਜ਼ਾਂ ਪ੍ਰਭਾਵਿਤ ਕਰ ਸਕਦੀਆਂ ਹਨ?

ਤੁਸੀਂ ਨਿਯਮਤ ਤੌਰ 'ਤੇ ਸਕ੍ਰੀਨਿੰਗ ਕਰਵਾ ਕੇ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਨੂੰ ਘਟਾ ਸਕਦੇ ਹੋ। ਜਿਵੇਂ-ਜਿਵੇਂ ਤੁਹਾਡੀ ਉਮਰ ਵਧਦੀ ਹੈ, ਜੇਕਰ ਤੁਸੀਂ ਸਿਗਰਟ ਪੀਂਦੇ ਹੋ ਅਤੇ ਜੇਕਰ ਤੁਹਾਡਾ ਕਿਸੇ ਹੋਰ ਵਿਅਕਤੀ ਨਾਲ ਕਦੇ ਜਿਨਸੀ ਸੰਪਰਕ ਹੋਇਆ ਹੈ ਤਾਂ ਤੁਹਾਡੇ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਹ ਪਤਾ ਲਗਾਉਣ ਲਈ ਕਿ ਤੁਹਾਡੇ ਸਰਵਾਈਕਲ ਕੈਂਸਰ ਹੋਣ ਦੀ ਸੰਭਾਵਨਾ ਨੂੰ ਕੀ ਪ੍ਰਭਾਵਿਤ ਕਰ ਸਕਦਾ ਹੈ, mycanceriq.ca 'ਤੇ ਜਾਓ।

## ਆਪਣੇ ਟੈਸਟ ਲਈ ਅਪੌਇੰਟਮੈਂਟ ਕਿਵੇਂ ਲੈਣੀ ਹੈ?

ਆਪਣੇ ਟੈਸਟ ਕਰਵਾਉਣ ਲਈ ਆਪਣੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਨਰਸ ਜਾਂ ਦਾਈ ਨੂੰ ਕਾਲ ਕਰੋ

-ਜਾਂ-

ਸਰਵਾਈਕਲ ਸਕ੍ਰੀਨਿੰਗ ਟੈਸਟ ਕਰਨ ਵਾਲਾ ਕਲੀਨਿਕ ਲੱਭਣ ਲਈ ਕਿਸੇ ਵੀ ਸਮੇਂ Health811 ਦੀ ਵਰਤੋਂ ਕਰੋ:

- ontario.ca/healthservices 'ਤੇ "ਸਰਵਾਈਕਲ ਸਕ੍ਰੀਨਿੰਗ ਟੈਸਟ" ਲੱਭੋ।
- 811 (TTY: 1.866.797.0007) 'ਤੇ ਕਾਲ ਕਰੋ
- ontario.ca/health811 'ਤੇ ਲਾਈਵ ਚੈਟ ਦੀ ਵਰਤੋਂ ਕਰੋ

### ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: ontariohealth.ca/cervical-test

ਕੀ ਤੁਸੀਂ ਇਸ ਜਾਣਕਾਰੀ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਚਾਹੁੰਦੇ ਹੋ?
1-877-280-8538, TTY 1-800-855-0511, info@ontariohealth.ca 'ਤੇ ਸੰਪਰਕ ਕਰੋ
Document disponible en français en contactant info@ontariohealth.ca.